بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.10.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬਦੁਲੱਾਹ ਬਿਨ ਉਮਰੋ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਅਕਤੂਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔
بِسْمِ اللهِ الرَّحْمَٰنِ الرَّحِيمِ ۔ اَلْحَمْدُ لِلّٰهِ رَبِّ الْعَالَمِينَ ۔ الرَّحْمَٰنِ الرَّحِيمِ ۔ مَالِكِ يَوْمِ الدِّينِ ۔ إِيَّاكَ نَعْبُدُ وَإِيَّاكَ نَسْتَعِينُ ۔
اِهْدِنَا الصِّرَاطَ الْمُسْتَقِيمَ ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّآلِّينَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ। ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਬਹੁਤ ਖੁਲੱ ਦਿਲੇ ਸਨ ਜਿਸ ਦੇ ਸਬਬ ਉਹਨਾ ਨੂੰ ਅਧਿਕਤਰ ਕਰਜ਼ ਵੀ ਲੈਂਣਾ ਪੈਂਦਾ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੀ ਸਾਰੀ ਜਾਇਦਾਦ ਨੂੰ ਕਰਜ਼ਾ ਲੈਂਣ ਵਾਲਿਆਂ ਵਿੱਚ ਵੰਡ ਦਿਤੱਾ ਪਰ ਅਜੇ ਵੀ ਕਰਜ਼ ਪੂਰਾ ਅਦਾ ਨਹੀਂ ਹੋਇਆ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਨੂੰ ਯਮਨ ਵੱਲ ਭੇਜਿਆ ਅਤੇ ਫ਼ਰਮਾਇਆ ਕਿ ਹੇ ਮਆਜ਼ ! ਤੁਹਾਡੇ ਉਪੱਰ ਕਰਜ਼ ਬਹੁਤ ਹੈ ਜੇਕਰ ਕੋਈ ਤੁਹਾਡੇ ਕੋਲ ਤੋਹਫ਼ਾ ਲਿਆਏ ਤਾਂ ਪਰਵਾਨ ਕਰ ਲੈਂਣਾ ਮੈਂ ਤੁਹਾਨੂੰ ਇਸ ਦੀ ਆਗਿਆ ਦਿੰਦਾ ਹਾਂ । ਉਹ ਤੋਹਫ਼ਾ ਜੋ ਤੁਸੀਂ ਆਪਣੇ'ਤੇ ਖਰਚ ਕਰ ਸਕਦੇ ਹੋ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ : ਹੇ ਮਆਜ਼ ! ਸੰਭਵ ਹੈ ਅਗਲੇ ਸਾਲ ਤੁਹਾਡੀ ਮੇਰੇ ਨਾਲ ਮੁਲਾਕਾਤ ਨ ਹੋਵੇ ਅਤੇ ਇਹ ਵੀ ਸੰਭਵ ਹੈ ਕਿ ਤੁਸੀਂ ਮੇਰੀ ਮਸਜਿਦ ਤੇ ਕਬਰ ਦੇ ਨੇੜਿਓਂ ਦੀ ਲੰਘੋ । ਹਜ਼ਰਤ ਮਆਜ਼ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਜੁਦਾਈ ਸਮੇਂ ਇਹ ਸੁਣਕੇ ਹੰਝੂਆਂ ਨਾਲ ਰੋਣ ਲੱਗ ਪਏ । ਫ਼ਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੀਆਂ ਗਲੱਾਂ ਦਾ ਪਾਸਾ ਮੋੜ ਲਿਆ ਅਤੇ ਮਦੀਨੇ ਵੱਲ ਮੂੰਹ ਕਰਕੇ ਫ਼ਰਮਾਇਆ ਲੋਕਾਂ ਵਿੱਚੋਂ ਮੇਰੇ ਨੇੜੇ ਉਹ ਹਨ ਜੋ ਮੁਤੱਕੀ (ਸੰਜਮੀ) ਹਨ, ਉਹ ਕੋਈ ਵੀ ਹੋਣ ਅਤੇ ਕਿਤੇ ਵੀ ਹੋਣ । ਇਕ ਰਿਵਾਇਤ ਵਿੱਚ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਆਜ਼ ਨੂੰ ਇਸ ਮੌਕੇ ਮਜ਼ਲੂਮ ਦੀ ਆਹ ਤੋਂ ਬਚਣ ਦੀ ਵਿਸ਼ੇਸ਼ ਰੂਪ ਵਿੱਚ ਨਸੀਹਤ ਕੀਤੀ ਕਿਉਂਕਿ ਇਸ ਆਹ ਤੇ ਰੱਬ ਵਿੱਚਕਾਰ ਕੋਈ ਰੋਕ ਨਹੀਂ ਹੁੰਦੀ ।

ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਯਮਨ ਵੱਲ ਕਾਜ਼ੀ ਬਣਾਕੇ ਭੇਜਿਆ ਆਪ ਉਹਨਾ ਲੋਕਾਂ ਨੂੰ ਕੁਰਆਨ ਤੇ ਦੀਨ (ਧਰਮ) ਸਿਖਾਉਂਦੇ ਸਨ ਅਤੇ ਉਹਨਾ ਵਿੱਚ ਫ਼ੈਸਲੇ

ਕਰਦੇ ਸਨ । ਯਮਨ ਦੇ ਕਾਰਜਕਾਰੀ ਜੋ ਜ਼ਕਾਤ ਇਕੱਠੀ ਕਰਦੇ ਸਨ ਉਹ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਕੋਲ ਭਿਜਵਾਉਂਦੇ ਸਨ । ਹਜ਼ਰਤ ਮਆਜ਼ ਨੇ ਯਮਨ ਵਿੱਚ ਇਹਨਾ ਪੈਸਿਆਂ ਨਾਲ ਵਪਾਰ ਕੀਤਾ ਅਤੇ ਇਸ ਤੋਂ ਜੋ ਲਾਭ ਹੋਇਆ ਇਸ ਤੋਂ ਆਪਣਾ ਕਰਜ਼ ਲਾਹਿਆ । ਆਪ ਪਹਿਲੇ ਵਿਅਕਤੀ ਹਨ ਜਿੰਨ੍ਹਾ ਨੇ ਰੱਬ ਦੇ ਇਸ ਮਾਲ (ਧੰਨ) ਨਾਲ ਵਪਾਰ ਕੀਤਾ । ਹਜ਼ਰਤ ਮਆਜ਼ ਯਮਨ ਵਿੱਚ ਹੀ ਸਿਥਿਰ ਰਹੇ ਇੱਥੋਂ ਤੱਕ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਦੇਹਾਂਤ ਹੋ ਗਿਆ ।

ਹਜ਼ਰਤ ਮਆਜ਼ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਉਹਨਾ ਨੂੰ ਯਮਨ ਵੱਲ ਭੇਜਿਆ ਤਾਂ ਫ਼ਰਮਾਇਆ ਜੱਦ ਤੁਹਾਨੂੰ ਕੋਈ ਮਾਮਾਲੇ ਪੇਸ਼ ਆਵੇਗਾ ਤਾਂ ਤੁਸੀਂ ਕਿਵੇਂ ਫ਼ੈਸਲਾ ਕਰੋਗੇ ਤਾਂ ਉਹਨਾ ਨੇ ਅਰਜ਼ ਕੀਤੀ ਕਿ ਮੈਂ ਰੱਬ ਦੀ ਕਿਤਾਬ ਰਾਹੀਂ ਫ਼ੈਸਲਾ ਕਰਾਂਗਾ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜੇਕਰ ਰੱਬ ਦੀ ਕਿਤਾਬ ਵਿੱਚ ਇਸ ਦਾ ਆਦੇਸ਼ ਨ ਮਿਲਿਆ, ਤਾਂ ਉਹਨਾਂ ਨੇ ਅਰਜ਼ ਕੀਤੀ ਕਿ ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ (ਪੈੜ੍ਹਾਂ, ਪਦਚਿੰਨ੍ਹ) ਅਨੁਸਾਰ ਫ਼ੈਸਲਾ ਕਰਾਂਗਾ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜੇਕਰ ਰੱਬ ਦੇ ਰਸੂਲ ਦੀ ਸੁਨੱਤ ਵਿੱਚ ਵੀ ਇਸ ਦਾ ਆਦੇਸ਼ ਨ ਮਿਲਿਆ, ਉਹਨਾ ਨੇ ਅਰਜ਼ ਕੀਤੀ ਕਿ ਫਿਰ ਮੈਂ ਇਜਤਿਹਾਦ (ਸਾਮੂਹਿਕ ਰਾਏ) ਅਨੁਸਾਰ ਆਪਣੀ ਰਾਏ ਕਾਇਮ ਕਰਾਂਗਾ ਅਤੇ ਮੈਂ ਇਸ ਵਿੱਚ ਕੋਈ ਕੁਤਾਹੀ ਨਹੀਂ ਕਰਾਂਗਾ । ਮਆਜ਼ ਕਹਿੰਦੇ ਹਨ ਕਿ ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੇਰੀ ਹਿੱਕ'ਤੇ ਹੱਥ ਫ਼ੇਰਿਆ ਤੇ ਫ਼ਰਮਇਆ ਕਿ ਸਾਰੀਆਂ ਉਸਤਤੀਆਂ ਰੱਬ ਲਈ ਹੀ ਹਨ ਜਿਸ ਨੇ ਰੱਬ ਦੇ ਰਸੂਲ ਦੇ ਸੰਦੇਸ਼ਵਾਹਕ ਨੂੰ ਅਜਿਹੀਆਂ ਗਲੱਾਂ ਦਾ ਸੰਜੋਗ ਪ੍ਰਦਾਨ ਕੀਤਾ ਜੋ ਅਲੱਾਹ ਦੇ ਰਸੂਲ ਦੀ ਖ਼ੁਸ਼ੀ ਦਾ ਸਬਬ ਬਣੀ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੂੰ ਯਮਨ ਵਾਸੀਆਂ ਵੱਲ ਹਾਕਮ ਬਣਾਕੇ ਭੇਜਿਆ ਅਤੇ ਯਮਨ ਵਾਸੀਆਂ ਨੂੰ ਲਿੱਖਿਆ ਕਿ ਨਿਸ਼ਚੇ ਹੀ ਮੈਂ ਆਪਣੇ ਲੋਕਾਂ ਵਿੱਚ ਚੰਗੇ ਵਿਦਵਾਨ ਤੇ ਧਾਰਮਕ ਵਿਗਿਆਤਾ ਵਿਅਕਤੀ ਨੂੰ ਤੁਹਾਡੇ'ਤੇ ਹਾਕਮ ਬਣਾਇਆ ਹੈ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਰਿਵਾਇਤ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਨੂੰ ਦੱਸ ਗਲੱਾਂ ਦੀ ਵਸੀਯੱਤ ਕਰਦਿਆਂ ਹੋਇਆਂ ਫ਼ਰਮਾਇਆ : ਅਲੱਾਹ ਦੇ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਨਾਉਂਣਾ ਭਾਵੇਂ ਤੁਸੀਂ ਕਤਲ ਕੀਤੇ ਜਾਓ ਜਾਂ ਜਲਾਏ ਦਿੱਤੇ ਜਾਓ । ਮਾਪਿਆਂ ਦੀ ਅਵੱਗਿਆ ਨ ਕਰੋ ਭਾਵੇਂ ਤੁਹਾਨੂੰ ਘਰਬਾਰ ਤੇ ਧੰਨ ਮਾਲ ਤੋਂ ਬੇਦਖ਼ਲ ਕਰ ਦੇਣ । ਫ਼ਰਜ਼ ਨਮਾਜ਼ ਜਾਣ ਬੁਝੱਕੇ ਨ ਛੱਡੋ ਕਿਉਂਕਿ ਜਾਣ ਬੁਝੱਕੇ ਨਮਾਜ਼ ਛਡੱਣ ਵਾਲਾ ਰੱਬ ਦੀ ਜ਼ਿੰਮੇਵਾਰੀ ਤੇ ਸੁਰੱਖਿਆ'ਚੋਂ ਬਾਹਰ ਨਿਕਲ ਜਾਂਦਾ ਹੈ । ਸ਼ਰਾਬ ਨ ਪੀਓ ਕਿਉਂਕਿ ਸ਼ਰਾਬ ਹਰ ਬੇ ਹਿਯਾਈ ਦੀ ਜੱੜ੍ਹ ਹੈ । ਗੁਨਾਹ (ਪਾਪ) ਤੇ ਨਾਫ਼ਰਮਾਨੀ (ਅਵੱਗਿਆ) ਤੋਂ ਬਚੋ ਕਿਉਂਕਿ ਪਾਪ ਕਰਕੇ ਰੱਬ ਦੀ ਨਰਾਜ਼ਗੀ ਨਾਜ਼ਲ ਹੁੰਦੀ ਹੈ । ਦੁਸ਼ਮਣ ਨਾਲ ਮੁੱਠਭੇੜ ਸਮੇਂ ਪਿੱਠ ਨਾ ਦਿਖਾਓ । ਜੇਕਰ ਲੋਕ ਤਾਊਨ (ਪਲੇਗ) ਜਿਹੀ ਵਬਾ ਦਾ ਸ਼ਿਕਾਰ ਹੋ ਜਾਣ ਤਾਂ ਤੁਸੀਂ ਉਹਨਾ ਵਿੱਚ ਹੋ ਤਾਂ ਤੁਸੀਂ ਆਪਣੀ ਥਾਂ'ਤੇ ਹੀ ਰਹੋ । ਆਪਣੇ ਪਰਿਵਾਰ'ਤੇ ਆਪਣੀ ਸ਼ਕਤੀ ਅਨੁਸਾਰ ਹੀ ਖ਼ਰਚ ਕਰੋ, ਉਹਨਾ ਦੇ ਹੱਕ ਪੂਰੇ ਕਰੋ ਅਤੇ ਉਹਨਾਂ ਦੀ ਸੀਖ ਸਿੱਖਿਆ ਤੇ ਤਰਬੀਯੱਤ ਵਿੱਚ ਕੁਤਾਹੀ ਨ ਕਰੋ ਅਤੇ ਉਹਨਾ ਨੂੰ ਰੱਬ ਦਾ ਖ਼ੌਫ ਚੇਤੇ ਕਰਾਉਂਦੇ ਰਿਹਾ ਕਰੋ । ਇਹ ਦੱਸ ਗਲੱਾਂ ਹਨ ਜੋ ਆਪ ਨੇ ਉਹਨਾ ਨੂੰ ਫ਼ਰਮਾਈਆਂ ।

ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਨੇ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ, ਹੇ ਮਆਜ਼ ! ਮੈਂ ਤੁਹਾਨੂੰ ਮਿਹਰਵਾਨ ਭਰਾ ਦੀ ਨਸੀਹਤ ਵਾਂਗ ਨਸੀਹਤ ਕਰਦਾ ਹਾਂ ਕਿ ਰੱਬ ਦਾ ਤਕੱਵਾ (ਸੰਜਮਤਾ) ਧਾਰਨ ਕਰੋ । ਰੋਗੀਆਂ ਦਾ ਹਾਲ ਚਾਲ ਪੁਛੱਣਾ, ਵਿਧਵਾਵਾਂ ਤੇ ਨਿਰਧਨਾਂ ਦੀਆਂ ਲੋੜਾਂ ਪੂਰੀਆਂ ਕਰਨਾ, ਲੋੜਵੰਦਾਂ ਤੇ ਮਿਸਕੀਨਾਂ ਨਾਲ ਬੈਠਣਾ ਅਤੇ ਲੋਕਾਂ ਨੂੰ ਆਪਣੇ ਵੱਲੋਂ ਨਿਆਏ ਪ੍ਰਦਾਨ ਕਰਨਾ, ਸੱਚੀ ਗੱਲ ਕਹਿਣ ਅਤੇ ਰੱਬ ਦੇ ਮਾਮਲੇ ਵਿੱਚ ਕਿਸੇ ਦੀ ਬੇਅਦਬੀ ਕਰਨ ਵਾਲੇ ਦੀ ਬੇਅਦਬੀ ਤੁਹਾਡੇ ਵਿਚਕਾਰ

ਰੋਕ ਨ ਬਣੇ । ਇਸ ਗੱਲ ਦੀ ਨਸੀਹਤ ਕਰਦਾ ਹਾਂ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ 9 ਹਿਜਰੀ ਤੋਂ 11 ਹਿਜਰੀ ਤੱਕ ਯਮਨ ਵਿੱਚ ਰਹੇ ।

ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਜੇਕਰ ਮੇਰੀ ਮੌਤ ਦਾ ਸਮਾਂ ਆ ਜਾਏ ਅਤੇ ਅਬੂ ਉਬੈਦਹ ਬਿਨ ਜਰਾਹ ਦਾ ਦੇਹਾਂਤ ਹੋ ਚੁੱਕਿਆ ਹੋਵੇ ਤਾਂ ਮਆਜ਼ ਬਿਨ ਜਬਲ ਨੂੰ ਆਪਣਾ ਖ਼ਲੀਫ਼ਾ ਨਿਯੁਕਤ ਕਰ ਦਿਆਂਗਾ ਅਤੇ ਜੇਕਰ ਰੱਬ ਨੇ ਮੈਨੂੰ ਪੁੱਛਿਆ ਕਿ ਤੁਸੀਂ ਕਿਉਂ ਖ਼ਲੀਫ਼ਾ ਨਿਯੁਕਤ ਕੀਤਾ ਤਾਂ ਮੈਂ ਕਹਾਂਗਾ ਕਿ ਮੈਂ ਤੇਰੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿ ਉਸ ਜਲਾਲ ਵਾਲੇ ਰੱਬ ਨੇ ਫ਼ਰਮਾਇਆ ਹੈ ਮੇਰੀ ਖ਼ਾਤਰ ਇਕ ਦੂਜੇ ਨੂੰ ਪ੍ਰੇਮ ਕਰਨ ਵਾਲਿਆਂ, ਮੇਰੀ ਖ਼ਾਤਰ ਇਕ ਦੂਜੇ ਨਾਲ ਬੈਠਣ ਵਾਲਿਆਂ, ਮੇਰੀ ਖ਼ਾਤਰ ਇਕ ਦੂਜੇ ਨਾਲ ਮਿਲਣ ਵਾਲਿਆਂ ਅਤੇ ਮੇਰੀ ਖ਼ਾਤਰ ਇਕ ਦੂਜੇ'ਤੇ ਖ਼ਰਚ ਕਰਨ ਵਾਲਿਆਂ ਲਈ ਮੇਰਾ ਪ੍ਰੇਮ ਲਾਜ਼ਮ ਹੋ ਗਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਹਜ਼ਰਤ ਅਬੂ ਉਬੈਦਹ ਦਾ ਤਾਊਨ ਦੀ ਵਬਾ ਨਾਲ ਦੇਹਾਂਤ ਹੋਇਆ ਤਾਂ ਹਜ਼ਰਤ ਉਮਰ ਨੇ ਹਜ਼ਰਤ ਮਆਜ਼ ਨੂੰ ਸ਼ਾਮ ਉਪੱਰ ਨਿਯੁਕਤ ਕੀਤਾ । ਹਜ਼ਰਤ ਮਆਜ਼ ਦਾ ਵੀ ਇਸੇ ਸਾਲ ਤਾਊਨ ਕਰਕੇ ਦੇਹਾਂਤ ਹੋਇਆ । ਕਸੀਰ ਬਿਨ ਮਰੱਹ ਰਿਵਾਇਤ ਕਰਦੇ ਹਨ ਕਿ ਹਜ਼ਰਤ ਮਆਜ਼ ਨੇ ਆਪਣੀ ਬਿਮਾਰੀ ਸਮੇਂ ਸਾਨੂੰ ਫ਼ਰਮਾਇਆ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਇਕ ਗੱਲ ਸੁਣੀ ਸੀ ਜਿਸਨੂੰ ਮੈਂ ਤੁਹਾਡੇ ਕੋਲੋਂ ਲੁਕਾ ਕੇ ਰੱਖੀ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜਿਸਦਾ ਅੰਤਮ ਕਲਾਮ ਲਾ ਇਲਾਹਾ ਇਲਲੱਾਹੁ ਹੋਵੇ ਉਸ ਲਈ ਜਨੱਤ ਵਾਜਬ ਹੋ ਗਈ ।

ਜੱਦ ਹਜ਼ਰਤ ਮਆਜ਼ ਬਿਨ ਜਬਲ ਦੇ ਦੇਹਾਂਤ ਦਾ ਸਮੇਂ ਨੇੜੇ ਆਣ ਪਹੁੰਚਿਆ ਤਾਂ ਆਪ ਨੇ ਕਿਹਾ ਕਿ ਹੇ ਅਲੱਾਹ ! ਤੂੰ ਜਾਣਦਾ ਹੈਂ ਕਿ ਮੈਂ ਤੇਰੇ ਤੋਂ ਡਰਦਾ ਹਾਂ ਪਰ ਅੱਜ ਮੈਂ ਆਸ਼ਾਵਾਨ ਹਾਂ ਕਿ ਮੈਂ ਦੁਨੀਆਂ ਵਿੱਚ ਹੋਰ ਲੰਮੀ ਉਮਰ ਨਾਲ ਇਸ ਲਈ ਪ੍ਰੇਮ ਨਹੀਂ ਕਰਦਾ ਕਿ ਇਸ ਵਿੱਚ ਨਹਿਰਾਂ ਕਢੱਾਂ ਜਾਂ ਇਸ ਵਿੱਚ ਰੁੱਖ ਲਾਵਾਂ ਸਗੋਂ ਇਸ ਲਈ ਕਿ ਦੁਪਹਿਰ ਦੀ ਤ੍ਰੇਹ ਅਤੇ ਹਾਲਾਤਾਂ ਦੇ ਕਸ਼ਟ ਝਲੱਾਂ ਅਤੇ ਇਹਨਾ ਵਿਦਵਾਨਾਂ ਨਾਲ ਬੈਠਾਂ ਜਿੱਥੇ ਤੇਰਾ ਜ਼ਿਕਰ ਕੀਤਾ ਜਾਏ । ਇਕ ਰਿਵਾਇਤ ਵਿੱਚ ਹੈ ਕਿ ਜੱਦ ਹਜ਼ਰਤ ਮਆਜ਼ ਦੇ ਦੇਹਾਂਤ ਦਾ ਸਮਾਂ ਨੇੜੇ ਆਇਆ ਤਾਂ ਉਹ ਰੋਣ ਲੱਗੇ । ਉਹਨਾ ਨੂੰ ਕਿਹਾ ਗਿਆ ਕਿ ਆਪ ਕਿਉਂ ਰੋਂਦੇ ਹਨ, ਆਪ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਾਥੀ ਹਨ ਤਾਂ ਉਹਨਾ ਦੇ ਕਿਹਾ ਕਿ ਮੈਂ ਮਰਨ ਦੇ ਦੁੱਖੋਂ ਨਹੀਂ ਰੋ ਰਿਹਾ ਅਤੇ ਨ ਹੀ ਇਸ ਲਈ ਕਿ ਦੁਨੀਆ ਪਿੱਛੇ ਛਡੱਣ ਜਾ ਰਿਹਾ ਹਾਂ ਸਗੋਂ ਮੈਂ ਤਾਂ ਕੇਵਲ ਇਸ ਲਈ ਰੋ ਰਿਹਾ ਹਾਂ ਕਿ ਦੋ ਧੜੇ ਹੋਣਗੇ ਅਰਥਾਤ ਸਵਰਗਗਾਮੀ ਅਤੇ ਨਰਕ ਗਾਮੀ ਅਤੇ ਮੈਂ ਨਹੀਂ ਜਾਣਦਾ ਕਿ ਮੈਂ ਕਿਹੜੇ ਧੜੇ ਵਿੱਚ ਉਠਾਇਆ ਜਾਵਾਂਗਾ । ਹਜ਼ਰਤ ਮਆਜ਼ ਬਿਨ ਜਬਲ ਦਾ 18 ਹਿਜਰੀ ਵਿੱਚ ਦੇਹਾਂਤ ਹੋਇਆ ਅਤੇ ਅੜਤਾਲੀ ਸਾਲ ਉਮਰ ਦੱਸੀ ਜਾਂਦੀ ਹੈ । 157 ਹਦੀਸਾਂ ਇਹਨਾ ਤੋਂ ਮੁਰੱਵੀ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹ ਅਬਦੁਲੱਾਹ ਬਿਨ ਉਮੱਰੋ ਰਜ਼ੀ ਅਲੱਾਹ ਅਨਹੁ ਹਨ । ਹਜ਼ਰਤ ਅਬਦੁਲੱਾਹ ਬਿਨ ਉਮੱਰੋ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਲਮਾ ਨਾਲ ਸੀ । ਆਪ ਹਜ਼ਰਤ ਜਾਬਰ ਬਿਨ ਅਬਦੁਲੱਾਹ ਦੇ ਪਿਤਾ ਸਨ । ਆਪ ਬੈਅਤ ਉਕਬਾ ਸਾਨੀਆ ਵਿੱਚ ਸ਼ਾਮਲ ਸਨ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਿਯੁਕਤ ਕੀਤੇ ਬਾਰ੍ਹਾਂ ਨਕੀਬਾਂ ਵਿੱਚੋਂ ਇਕ ਸਨ । ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਅਬਦੁਲੱਾਹ ਬਿਨ ਉਮੱਰੋ ਉਹਦ ਦੀ ਜੰਗ ਵਿੱਚ ਮੁਸਲਮਾਨਾਂ ਵੱਲੋਂ ਪਹਿਲੇ ਸ਼ਹੀਦ ਸਨ ।

ਉਹਦ ਦੀ ਜੰਗ ਸਮੇਂ ਜੱਦ ਅਬਦੁਲੱਾਹ ਬਿਨ ਉਬੀ ਸਲੂਲ ਨੇ ਗ਼ਦੱਾਰੀ ਕੀਤੀ ਤਾਂ ਹਜ਼ਰਤ ਅਬਦੁਲੱਾਹ ਬਿਨ ਉਮੱਰੋ ਨੇ ਇਹਨਾ ਲੋਕਾਂ ਨੂੰ ਨਸੀਹਤ ਕਰਨ ਦਾ ਜਤਨ ਕੀਤਾ ਸੀ । ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਮੇਰੇ ਪਿਤਾ ਹਜ਼ਰਤ ਅਬਦੁਲੱਾਹ ਬਿਨ ਉਮੱਰੋ ਅਤੇ ਮਾਮਾ ਉਹਦ ਦੀ ਜੰਗ ਵਿੱਚ ਸ਼ਹੀਦ ਹੋ ਗਏ ਤਾਂ ਮੇਰੀ ਮਾਂ

ਦੂਜੀ ਰਿਵਾਇਤ ਵਿੱਚ ਹੈ ਕਿ ਭੂਆ ਜੋ ਹਜ਼ਰਤ ਉਮਰੋ ਬਿਨ ਜਮੂਹ ਦੀ ਸੁਪਤਨੀ ਸਨ ਇਹਨਾ ਦੋਹਾਂ ਨੂੰ ਊਠਣੀ'ਤੇ ਰਖੱਕੇ ਮਦੀਨਿ ਲਿਆ ਰਹੀ ਸਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਐਲਾਨ ਕਰਨ ਵਾਲੇ ਨੇ ਐਲਾਨ ਕੀਤਾ ਕਿ ਆਪਣੇ ਮਰਨ ਵਾਲਿਆਂ ਨੂੰ ਉਹਨਾ ਦੇ ਲੜਨ ਦੀ ਥਾਂ'ਤੇ ਦਫ਼ਨਾਓ । ਇਸ'ਤੇ ਉਹਨਾਂ ਦੋਹਾਂ ਨੂੰ ਵਾਪਸ ਲਿਜਾਇਆ ਗਿਆ ਅਤੇ ਉਹਨਾ ਦੇ ਲੜਨ ਦੀ ਥਾਂ'ਤੇ ਹੀ ਦਫ਼ਨਾਇਆ ਗਿਆ ।

ਇਕ ਰਿਵਾਇਤ ਵਿੱਚ ਹੈ ਕਿ ਜੱਦ ਹਜ਼ਰਤ ਅਬਦੁਲੱਾਹ ਬਿਨ ਉਮਰੋ ਨੇ ਉਹਦ ਦੀ ਜੰਗ ਲਈ ਨਿਕਲਣ ਦਾ ਨਿਸ਼ਚਾ ਕੀਤਾ ਤਾਂ ਆਪਣੇ ਪੁਤੱਰ ਹਜ਼ਰਤ ਜਾਬਰ ਨੂੰ ਬੁਲਾਇਆ ਅਤੇ ਉਹਨਾ ਨੂੰ ਕਿਹਾ ਕਿ ਹੇ ਮੇਰੇ ਪੁਤੱਰ ! ਮੈਂ ਦੇਖਦਾ ਹਾਂ ਕਿ ਮੈਂ ਪਹਿਲੇ ਸ਼ਹੀਦਾਂ ਵਿੱਚੋਂ ਹੋਵਾਂਗਾ ਅਤੇ ਰਬੱ ਦੀ ਸਹੁੰ ਮੈਂ ਆਪਣੇ ਪਿੱਛੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਵੁਜੂਦ ਦੇ ਬਾਦ ਤੁਹਾਡੇ ਬਿਨਾ ਕਿਸੇ ਹੋਰ ਨੂੰ ਨਹੀਂ ਛਡੱਕੇ ਜਾ ਰਿਹਾ ਜੋ ਮੈਂਨੂੰ ਬਹੁਤਾ ਪਿਆਰਾ ਹੋਵੇ । ਮੇਰੇ ਜ਼ਿੱਮੇ ਕੁਝ ਕਰਜ਼ ਹੈ ਮੇਰਾ ਉਹ ਕਰਜ਼ ਅਦਾ ਕਰ ਦੇਣਾ ਅਤੇ ਮੈਂ ਤੁਹਾਨੂੰ ਤੁਹਾਡੀਆਂ ਭੈਣਾ ਨਾਲ ਚੰਗੇ ਵਰਤਾਉ ਦੀ ਵਸੀਯੱਤ ਕਰਦਾ ਹਾਂ । ਹਜ਼ਰਤ ਜਾਬਰ ਬਿਆਨ ਕਰਦੇ ਹਨ ਕਿ ਅਗਲੀ ਸਵੇਰ ਮੇਰੇ ਪਿਤਾ ਸਾਹਬ ਸਭ ਤੋਂ ਪਹਿਲੇ ਸ਼ਹੀਦ ਹੋਏ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਹਦ ਦੇ ਸ਼ਹੀਦਾਂ ਨੂੰ ਦਫ਼ਨ ਕਰਨ ਲਈ ਆਏ ਤਾਂ ਆਪ ਨੇ ਫ਼ਰਮਾਇਆ ਕਿ ਇਹਨਾ ਨੂੰ ਇਹਨਾ ਦੇ ਜ਼ਖ਼ਮਾ ਸਣੇ ਹੀ ਕਫ਼ਨ ਦੇ ਦਿਓ ਕਿਉਂਕਿ ਮੈਂ ਇਹਨਾ'ਤੇ ਗਵਾਹ ਹਾਂ ਅਤੇ ਕੋਈ ਮੁਸਲਮਾਨ ਅਜਿਹਾ ਨਹੀਂ ਜੋ ਰੱਬ ਦੇ ਮਾਰਗ ਵਿੱਚ ਜ਼ਖ਼ਮੀ ਕੀਤਾ ਜਾਏ ਪਰ ਉਹ ਕਯਾਮਤ ਦੇ ਇਸ ਪ੍ਰਕਾਰ ਆਏਗਾ ਕਿ ਉਸ ਦਾ ਖ਼ੂਨ ਵਹਿ ਰਿਹਾ ਹੋਵੇਗਾ ਅਤੇ ਉਸਦਾ ਰੰਗ ਜ਼ਾਫ਼ਰਾਨ ਜਿਹਾ ਹੋਵੇਗਾ ਅਤੇ ਉਸ ਦੀ ਸੁਗੰਧ ਕਸਤੂਰੀ ਜਿਹੀ ਹੋਵੇਗੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਬਦੁਲੱਾਹ ਬਿਨ ਉਮਰੋ ਅਤੇ ਉਮਰੋ ਬਿਨ ਜਮੂਹ ਨੂੰ ਇਕ ਹੀ ਕਬਰ ਵਿੱਚ ਦਫ਼ਨ ਕਰ ਦਿਓ ਕਿਉਂਕਿ ਇਹਨਾਂ ਵਿੱਚ ਨੇਕੀ ਤੇ ਪਿਆਰ ਬਹੁਤ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ ਬਾਕੀ ਇਨਸ਼ਾਅਲੱਾਹ ਭਵਿੱਖ ਵਿੱਚ ਜ਼ਿਕਰ ਕਰਾਂਗਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ
فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَأْمُرُ
بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ
وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 30.10.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131